ਵਾਹਿਗੁਰੂ ਜੀ ਕੀ ਫਤਹਿ

# INSTITUTE OF SIKH STUDIES (REGD)

GURDWARA SINGH SABHA, KANTHALA, IA, PHASE II, TRIBUNE CHOWK, CHANDIGARH - 160002
Phone: +91 172 2642580, 2642581; Fax: +91 172 2642581
Email: iosschd@gmail.com; Web: www.sikhinstitute.org

S Gurdev Singh, IAS (retd)
Patron
+91 172 2600410

Dr Kirpal Singh
Chairman
Sikh History Project
+91 9316005061

EXECUTIVE COMMITTEE

Dr Birendra Kaur
President
+91 9888901024

Bhai Ashok Singh
Vice-President
+91 9814095308

S Sadhu Singh
Secretary
+91 9878019793

S Ishwinder Singh
Jt Secretary
+91 9815164749

S Gurpreet Singh
Treasurer
+91 9815193839

Bibi Baljit Kaur
Member
+91 9872923851

Lt Gen Kartar Singh PVSM
Member
+91 9814499969

Ref:IOSS/2014/April/1

ਅਪ੍ਰੈਲ 1, 2014

ਗਿਆਨੀ ਗੁਰਬਚਨ ਸਿੰਘ
ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਪਰਮ ਸਤਿਕਾਰਯੋਗ ਜਥੇਦਾਰ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ।।

ਆਪ ਇਸ ਗੱਲ ਤੋਂ ਭਲੀ-ਭਾਂਤੀ ਜਾਣੂ ਹੋਵੋਂਗੇ ਕਿ ਪੱਛਮੀ ਦੇਸ਼ਾਂ ਦੀਆਂ ਕੁਝ ਯੂਨੀਵਰਸਿਟੀਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ 'ਸਿੱਖ ਚੈਅਰਾਂ' ਉਦਾਰਵਾਦੀ ਖੋਜ ਦੀ ਆੜ ਹੇਠਾਂ ਸਿੱਖੀ ਦੇ ਸਿਧਾਂਤਾਂ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਸਮੱਗਰੀ ਛਾਪੀ ਜਾ ਰਹੀ ਹੈ । ਇਸ ਦੀ ਇਕ ਤਾਜਾ ਮਿਸਾਲ ਬ੍ਰਿਟਿਸ਼ ਕੋਲੰਬੀਆਂ ਦੀ ਯੂਨੀਵਰਸਿਟੀ ਵਿੱਚ ਸਥਾਪਿਤ 'ਸਿੱਖ ਚੇਅਰ' ਵਲੋਂ ਮਿਸ ਐਨੀ ਮਾਰਫੀ ਦੇ ਥੀਸਿਜ਼ ਨੂੰ ਦਿੱਤੀ ਗਈ ਪ੍ਰਵਾਨਗੀ ਹੈ ਅਤੇ ਜਿਸ ਨੂੰ The Materiality of the Past: History and Representation of Sikh Tradition ਦੇ ਰੂਪ ਵਿੱਚ ਛਾਪਿਆ ਗਿਆ ਹੈ । ਦੂਸਰੀ ਕਿਤਾਬ ਜੋ ਅਰਵਿੰਦਰ ਪਾਲ ਸਿੰਘ ਮੰਡੇਰ ਵਲੋਂ ਲਿਖੀ ਗਈ ਹੈ Religion and the Specter of the West: Sikhism, India, Post-coloniality, and the Politics of Translation ਵਿੱਚ ਵੀ ਸਿੱਖ ਧਰਮ ਸਬੰਧੀ ਕਈ ਤਰ੍ਹਾਂ ਦੇ ਗਲਤ ਤੱਥ ਦਿੱਤੇ ਗਏ ਹਨ ਜਦ ਕਿ ਕਈ ਮਹੱਤਵਪੂਰਨ ਗੱਲਾਂ ਨੂੰ ਬਿਲਕੁਲ ਨਜ਼ਰਅੰਦਾਜ ਕਰ ਦਿੱਤਾ ਗਿਆ ਹੈ । ਮਿਸਾਲ ਦੇ ਤੌਰ ਤੇ ਇਤਰਾਜ਼ਯੋਗ ਤੱਥਾਂ ਦੀ ਇਕ ਲਿਸਟ ਨਾਲ ਨੱਥੀ ਕਰ ਰਹੇ ਹਾਂ ।

ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਅਕਾਲ ਤਖਤ ਸਾਹਿਬ ਵਲੋਂ ਇਸ ਤਰ੍ਹਾਂ ਦੇ ਖੋਜ-ਕੰਮਾਂ ਦੀ ਗੰਭੀਰ ਘੋਖ-ਪੜਤਾਲ ਕਰਨ ਲਈ ਮਾਹਿਰਾਂ ਦੀ ਇਕ ਸਥਾਈ ਕਮੇਟੀ ਬਣਾਈ ਜਾਵੇ, ਜੋ ਕਿ ਸਿੱਖਾਂ ਸਬੰਧੀ ਸਾਹਿਤ ਜੋ ਦੇਸ਼ਾਂ ਵਿਦੇਸ਼ਾਂ ਵਿੱਚ ਛੱਪ ਰਿਹਾ ਹੈ ਉਸ ਤੇ ਨਜ਼ਰਸਾਨੀ ਕਰਦੀ ਰਹੇ ਅਤੇ ਲੋੜ ਅਨੁਸਾਰ ਕਾਰਵਾਈ ਕਰੇ । ਇਹ ਕਦਮ ਨਾ ਚੁੱਕਣ ਤੇ distorted ਇਤਿਹਾਸ ਪ੍ਰਮਾਣਿਕ ਸਮਝਿਆ ਜਾਵੇਗਾ ਜੋ ਕਿ ਸਿੱਖੀ ਲਈ ਅਤਿ ਘਾਤਕ ਹੋਵੇਗਾ ।

ਇਸ ਮਾਰੂ ਰੁਝਾਨ ਨੂੰ ਰੋਕਣ ਲਈ ਇਕ ਹੋਰ ਕਦਮ ਅਤਿ ਲਾਭਦਾਇਕ ਸਾਬਤ ਹੋਵੇਗਾ - ਦੇਸ਼ਾ-ਵਿਦੇਸ਼ਾਂ ਦੀਆਂ ਸਾਰੀਆਂ ਸਿੱਖ ਚੇਅਰਜ਼ ਨੂੰ ਆਪ ਜੀ ਵਲੋਂ ਪ੍ਰਮਾਣਿਤ ਅਤੇ ਮਿਆਰੀ ਪੁਸਤਕਾਂ ਉਪਲੱਭਧ ਕਰਵਾਈਆਂ ਜਾਣ ।

ਉਮੀਦ ਹੈ ਕਿ ਆਪ ਜੀ ਇਸ ਮੁੱਦੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਫੌਰੀ ਐਕਸ਼ਨ ਲਓਗੇ ।

ਪੰਥ ਦੇ ਦਾਸ,

(ਬਰਿੰਦਰਾ ਕੌਰ)
ਪ੍ਰਧਾਨ

ਨੱਥੀ: ਇਤਰਾਜ਼ਯੋਗ ਤੱਥਾਂ ਦੀ ਲਿਸਟ